ਹੇ ਕਲਿ ਮੂਲ ਕ੍ਰੋਧੰ
ਕਦੰਚ ਕਰੁਣਾ ਨ ਉਪਰਜਤੇ ॥
ਬਿਖਯੰਤ ਜੀਵੰ ਵਸ੍ਯੰ ਕਰੋਤਿ
ਨਿਰਤ੍ਯੰ ਕਰੋਤਿ ਜਥਾ ਮਰਕਟਹ ॥

(੧੩੫੮)

ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ ॥
ਦੁਬਿਧਾ ਛੋਡਿ ਨਾਮਿ ਨਿਸਤਰੈ ॥ (੩੫੨)

ਲੋਭ

ਜਿਉ ਕੂਕਰੁ ਹਰਕਾਇਆ
ਧਾਵੈ ਦਹ ਦਿਸ ਜਾਇ ॥
ਲੋਭੀ ਜੰਤੁ ਨ ਜਾਣਈ
ਭਖੁ ਅਭਖੁ ਸਭ ਖਾਇ ॥

(੫੦)

ਲਾਲਚ ਲਾਗੇ ਜਨਮੁ ਗਵਾਇਆ
ਮਾਇਆ ਭਰਮ ਭੁਲਾਹਿਗਾ ॥
ਧਨ ਜੋਬਨ ਕਾ ਗਰਬੁ ਨ ਕੀਜੈ
ਕਾਗਦ ਜਿਉ ਗਲਿ ਜਾਹਿਗਾ ॥

(੧੧੦੬)

ਲਾਲਚ ਝੂਠ ਬਿਕਾਰ ਮੋਹ
ਬਿਆਪਤ ਮੂੜੇ ਅੰਧ ॥
ਲਾਗਿ ਪਰੇ ਦੁਰਗੰਧ ਸਿਉ
ਨਾਨਕ ਮਾਇਆ ਬੰਧ ॥

(੨੫੨)

ਲਾਲਚੁ ਛੋਡਹੁ ਅੰਧਿਹੋ
ਲਾਲਚਿ ਦੁਖੁ ਭਾਰੀ ॥

(੪੧੯)

ਲੋਭ ਲਹਰਿ ਸਭੁ ਸੁਆਨੁ ਹਲਕੁ ਹੈ
ਹਲਕਿਓ ਸਭਹਿ ਬਿਗਾਰੇ ॥

(੯੮੩)

ਲੋਭੀ ਕਾ ਵੇਸਾਹੁ ਨ ਕੀਜੈ
ਜੇ ਕਾ ਪਾਰਿ ਵਸਾਇ ॥
ਅੰਤਿ ਕਾਲਿ ਤਿਥੈ ਧੁਹੈ
ਜਿਥੈ ਹਥੁ ਨ ਪਾਇ ॥

(੧੪੧੭)

ਸਾਕਤ ਸੁਆਨ ਕਹੀਅਹਿ ਬਹੁ ਲੋਭੀ
ਬਹੁ ਦੁਰਮਤਿ ਮੈਲੁ ਭਰੀਜੈ ॥
ਆਪਨ ਸੁਆਇ ਕਰਹਿ ਬਹੁ ਬਾਤਾ
ਤਿਨਾ ਕਾ ਵਿਸਾਹੁ ਕਿਆ ਕੀਜੈ ॥

(੧੩੨੬)

ਲਬੁ ਲੋਭੁ ਮੁਚੁ ਕੂੜੁ ਕਮਾਵਹਿ
ਬਹੁਤੁ ਉਠਾਵਹਿ ਭਾਰੋ ॥
ਤੂੰ ਕਾਇਆ ਮੈ ਰੁਲਦੀ ਦੇਖੀ
ਜਿਉ ਧਰ ਉਪਰਿ ਛਾਰੋ ॥੧॥

(੧੫੪)

ਪ੍ਰਭੂ ਪਰਮੇਸ਼ਰ ਦਾ ਪਾਉਣਾ

ਸਾਚੁ ਕਹੋ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨਹੀ ਪ੍ਰਭ ਪਾਇਓ ॥

(ਪਾ: ੧੦)

ਆਪੁ ਗਵਾਈਐ ਤਾ ਸਹੁ ਪਾਈਐ
ਅਉਰੁ ਕੈਸੀ ਚਤੁਰਾਈ ॥

(੭੨੨)

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ
ਹੁਕਮਿ ਮੰਨਿਐ, ਪਾਈਐ ॥

(੯੧੮)

ਆਪੁ ਛੋਡਿ ਹੋਹਿ ਦਾਸਤ ਭਾਇ ॥
ਤਉ ਜਗਜੀਵਨੁ ਵਸੈ ਮਨਿ ਆਇ ॥

(੧੧੭੩)

ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥
ਜਿਨਿ ਪੀਤੀ ਤਿਸੁ ਮੋਖ ਦੁਆਰ ॥

(੧੨੭੫)

ਮੇਰਾ ਪ੍ਰਭੁ ਸਾਚਾ ਦੂਖ ਨਿਵਾਰਣੁ
ਸਬਦੇ ਪਾਇਆ ਜਾਈ ॥

(੧੨੬੦)

ਕਬੀਰ ਤੂੰ ਤੂੰ ਕਰਤਾ ਤੂ ਹੂਆ
ਮੁਝ ਮਹਿ ਰਹਾ ਨ ਹੂੰ ॥
ਜਬ ਆਪਾ ਪਰ ਕਾ ਮਿਟਿ ਗਇਆ
ਜਤ ਦੇਖਉ ਤਤ ਤੂ ॥

(੧੩੭੫)

ਸੋ ਹਰਿ ਪੁਰਖੁ ਅਗੰਮੁ ਹੈ
ਕਹੁ ਕਿਤੁ ਬਿਧਿ ਪਾਈਐ ॥
ਗੁਰਿ ਪੂਰੈ ਵੇਖਾਲਿਆ
ਗੁਰ ਸੇਵਾ ਪਾਈਐ ॥

(੬੪੪)

ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥ (੨੮੬)

ਆਪੁ ਗਇਆ ਤਾ ਆਪਹਿ ਭਏ ॥ (੨੦੨)

(MAN — EGO = GOD)

ਮਰਣ

ਕਬੀਰ ਜਿਸੁ ਮਰਨੇ ਤੇ ਜਗੁ ਡਰੈ
ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ
ਪੂਰਨੁ ਪਰਮਾਨੰਦੁ ॥ (੧੩੬੫)

ਮਰਣੈ ਤੇ ਜਗਤੁ ਡਰੈ
ਜੀਵਿਆ ਲੋੜੈ ਸਭੁ ਕੋਇ ॥
ਗੁਰ ਪਰਸਾਦੀ ਜੀਵਤੁ ਮਰੈ
ਹੁਕਮੈ ਬੂਝੈ ਸੋਇ ॥
ਨਾਨਕ ਐਸੀ ਮਰਨੀ ਜੋ ਮਰੈ
ਤਾ ਸਦ ਜੀਵਣੁ ਹੋਇ ॥ (੫੫੫)

ਕਿਆ ਜਾਣਾ ਕਿਵ ਮਰਹਗੇ
ਕੈਸਾ ਮਰਣਾ ਹੋਇ ॥
ਜੇ ਕਰਿ ਸਾਹਿਬੁ ਮਨਹੁ ਨ ਵੀਸਰੈ
ਤਾ ਸਹਿਲਾ ਮਰਣਾ ਹੋਇ ॥ (੫੫੫)

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥ (੧੪੨)

ਅਰੀ ਬਾਈ
ਗੋਬਿਦ ਨਾਮੁ ਮਤਿ ਬੀਸਰੈ ॥

ਗੁਰੂ ਦਾ ਨਿਤ ਦਾ ਉਪਦੇਸ਼

ਨਿਤ ਜਪੀਐ ਸਾਸਿ ਗਿਰਾਸਿ ਨਾਉ ਪਰਵਰਦਿਗਾਰ ਦਾ ॥

ਜਨਵਰੀ

੧. ਜਿਨਿ ਸੇਵਿਆ ਤਿਨਿ ਪਾਇਆ ਮਾਨ॥

੨. ਦੁਖ ਸੁਖ ਭਾਣੈ ਤਿਸੈ ਰਜਾਇ॥

੩. ਨਾਨਕ ਗਾਵੀਐ ਗੁਣੀ ਨਿਧਾਨ॥

੪. ਸੋ ਕਿਉ ਬਿਸਰੈ ਜਿਨਿ ਸਭੁ ਕਿਛ ਦੀਆ॥

੫. ਸੋ ਸਿਆਣਾ ਸੋ ਪਤਵੰਤਾ ਹੁਕਮ ਲਗੈ ਜਿਸ ਮੀਠਾ ਜੀਓ॥

੬. ਅਬ ਨ ਭਜਸਿ ਭਜਸਿ ਕਬ ਭਾਈ॥
ਆਵੈ ਅੰਤੁ ਨ ਭਜਿਆ ਜਾਈ॥

੭. ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ॥

੮. ਮਨ ਮੇਰੇ ਗਹੁ ਹਰਿ ਨਾਮ ਕਾ ਓਲਾ॥
ਤੁਝੈ ਨ ਲਾਗੈ ਤਾਤਾ ਝੋਲਾ॥

੯. ਸਤਿਗੁਰ ਕੀ ਬਾਣੀ ਸਤਿ ਸਰੂਪ ਹੈ ਗੁਰਬਾਣੀ ਬਣੀਐ॥

੧੦. ਅਮ੍ਰਿਤ ਬਾਣੀ ਹਰਿ ਹਰਿ ਤੇਰੀ॥
ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥

੧੧. ਨਾਮ ਧਿਆਇ ਮਹਾ ਸੁਖ ਪਾਇਆ॥
ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ॥

੧੨. ਸਾ ਧਰਤੀ ਭਈ ਹਰਿਆਵਲੀ
ਜਿਥੈ ਮੇਰਾ ਸਤਿਗੁਰੁ ਬੈਠਾ ਆਇ॥

੧੩. ਮਾਘਿ ਮਜਨੁ ਸੰਗ ਸਾਧੂਆ ਧੂੜੀ ਕਰਿ ਇਸਨਾਨ॥

੧੪. ਜਹਾਂ ਸ਼ਬਦੁ ਵਸੈ ਤਹਾਂ ਦੁਖ ਜਾਏ॥

੧੫. ਦੁਖੁ ਸੁਖੁ ਤੇਰੇ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ॥
੧੬. ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ॥
੧੭. ਹਰਿ ਹਰਿ ਤੇਰਾ ਨਾਮ ਹੈ ਦੁਖ ਮੇਟਣਹਾਰਾ॥
੧੮. ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ॥
੧੯. ਤੁਧੁ ਸੰਸਾਰ ਉਪਾਇਆ ਸਿਰੇ ਸਿਰਿ ਧੰਦੇ ਲਾਇਆ॥
੨੦. ਹਰਿ ਆਪੈ ਭਰਮਿ ਬੁਲਾਇਦਾ ਹਰਿ ਆਪੇ ਹੀ ਮਤਿ ਦੇਇ॥
੨੧. ਸਬੈ ਸਾਂਝੀਵਾਲ ਸਦਾਇਨਿ
ਤੂੰ ਕਿਸੈ ਨ ਦੀਸਹਿ ਬਾਹਰਾ ਜੀਉ॥
੨੨. ਝੂਠਾ ਮੰਗਣ ਜੇ ਕੋਈ ਮਾਗੈ॥
ਤਿਸ ਕਉ ਮਰਤੇ ਘੜੀ ਨ ਲਾਗੈ॥
੨੩. ਸਬਦੁ ਸੂਰੈ ਤਾ ਮਨ ਸਿਉ ਲੂਝੈ ਮਨਸਾ ਮਾਰਿ ਸਮਾਵਣਿਆ॥
੨੪. ਅਮ੍ਰਿਤ ਬਾਣੀ ਗੁਰ ਕੀ ਮੀਠੀ॥
ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ॥
੨੫. ਚਾਰਿ ਪਦਾਰਥ ਜੇ ਕੋ ਮਾਗੈ॥
ਸਾਧਿ ਜਨਾ ਕੀ ਸੇਵਾ ਲਾਗੈ॥
੨੬. ਸਭਨਾ ਉਪਰਿ ਨਦਰਿ ਪ੍ਰਭ ਤੇਰੀ ॥
ਕਿਸੈ ਥੋੜੀ ਕਿਸੈ ਹੈ ਘਣੇਰੀ ॥
੨੭. ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥
੨੮. ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
੨੯. ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥
੩੦. ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ ॥
੩੧. ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥

ਫਰਵਰੀ

੧. ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥
੨. ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥
੩. ਓਨਾ ਪਾਸਿ ਦੁਆਸਿ ਨ ਭਿਟੀਐ
ਜਿਨ ਅੰਤਰਿ ਕ੍ਰੋਧੁ ਚੰਡਾਲ ॥
੪. ਮੇਰੇ ਠਾਕੁਰ ਹਾਥਿ ਵਡਾਈਆ ਭਾਈ ਜੈ ਭਾਵੈ ਤੈ ਦੇਇ ॥
੫. ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥
੬. ਜਬ ਤੇ ਸਰਨਿ ਤੁਮਾਰੀ ਆਏ ਤਬ ਤੇ ਦੋਖ ਗਏ ॥
੭. ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ ॥
੮. ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥
੯. ਮਨ ਕੇ ਬਿਕਾਰ ਮਨਹਿ ਤਜੈ ਮਨਿ ਚੂਕੈ ਮੋਹੁ ਅਭਿਮਾਨੁ ॥
੧੦. ਗੁਣ ਗਾਵਤ ਮਨੁ ਹਰਿਆ ਹੋਵੈ ॥
੧੧. ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ ॥
੧੨. ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥
੧੩. ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ ॥
੧੪. ਗੁਰ ਸਮਾਨਿ ਤੀਰਥੁ ਨਹੀ ਕੋਇ ॥
੧੫. ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ ॥
੧੬. ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ ॥
੧੭. ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮ੍ਹਾਲੇ ॥
੧੮. ਲੋਕਿ ਪਤੀਣੈ ਨਾ ਪਤਿ ਹੋਇ ॥

੧੯. ਹਰਿ ਹਰਿ ਨਾਮੁ ਜਪੈ ਜਨੁ ਕੋਇ ॥
ਤਾ ਕੀ ਆਸਾ ਪੂਰਨ ਹੋਇ ॥

੨੦. ਗੁਰ ਕੈ ਭਾਣੈ ਜੋ ਚਲੈ ਦੁਖੁ ਨ ਪਾਵੈ ਕੋਇ ॥

੨੧. ਤਿਨਾ ਅਨੰਦੁ ਸਦਾ ਸੁਖੁ ਹੈ ਜਿਨਾ ਸਚੁ ਨਾਮੁ ਆਧਾਰੁ ॥

੨੨. ਜੇਤਾ ਕੀਤਾ ਤੇਤਾ ਨਾਉ ॥
ਵਿਣੁ ਨਾਵੈ ਨਾਹੀ ਕੋ ਥਾਉ ॥

੨੩. ਮਨ ਰੇ ਸਦਾ ਅਨੰਦੁ ਗੁਣ ਗਾਇ ॥

੨੪. ਮਨ ਮੇਰੇ ਗੁਰ ਕੀ ਮੰਨਿ ਲੈ ਰਜਾਇ ॥

੨੫. ਮਨ ਮੇਰੇ ਨਾਮਿ ਰਤੇ ਸੁਖੁ ਹੋਇ ॥

੨੬. ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ
ਕੋਈ ਹਰਿਆ ਬੂਟੁ ਰਹਿਓ ਰੀ ॥

੨੭. ਸਤਿਗੁਰ ਕੈ ਆਖਿਐ ਜੋ ਚਲੈ ਸੋ ਸਤਿ ਪੁਰਖੁ ਭਲ ਭਲਾ ॥

੨੮. ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥

੨੯. ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥

ਮਾਰਚ

੧. ਨਾਮਿ ਰਤੇ ਸਦਾ ਸੁਖੁ ਹੋਈ ॥

੨. ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥

੩. ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥

੪. ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ॥

੫. ਸਾਚੁ ਕਹੋਂ ਸੁਣ ਲੇਹੁ ਸਭੈ
ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

੬. ਪਾਰਬ੍ਰਹਮੁ ਪ੍ਰਭੁ ਏਕੁ ਹੈ ਦੂਜਾ ਨਾਹੀ ਕੋਇ ॥

੭. ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥

੮. ਗੁਰ ਕੈ ਭਾਣੈ ਜੋ ਚਲੈ ਦੁਖੁ ਨ ਪਾਵੈ ਕੋਇ ॥

੯. ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥

੧੦. ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ ॥

੧੧. ਤੇਰੇ ਦਾਸਰੇ ਕਉ ਕਿਸ ਕੀ ਕਾਣਿ ॥

੧੨. ਕਰਿ ਮਨ ਮੇਰੇ ਸਤਿ ਬਿਉਹਾਰ ॥

੧੩. ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥

੧੪. ਚੇਤਿ ਗੋਵਿੰਦੁ ਅਰਾਧੀਐ, ਹੋਵੈ ਅਨੰਦੁ ਘਣਾ॥

੧੫. ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ
ਜੈਸੀ ਜਲ ਕਮਲੇਹਿ॥

੧੬. ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ ॥

੧੭. ਹੁਕਮੁ ਨ ਜਾਣੈ ਬਹੁਤਾ ਰੋਵੈ ॥

੧੮. ਸਤਿਗੁਰ ਕੈ ਭਾਣੈ ਜੋ ਚਲੈ ਤਿਸੁ ਵਡਿਆਈ ਵਡੀ ਹੋਇ ॥

੧੯. ਦੁਖੁ ਤਦੇ ਜਾ ਵਿਸਰਿ ਜਾਵੈ ॥
੨੦. ਨਿਗੁਰੈ ਕਾ ਹੈ ਨਾਉ ਬੁਰਾ ॥
੨੧. ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
੨੨. ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ ॥
੨੩. ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
੨੪. ਸਭੇ ਵਸਤੂ ਕਉੜੀਆ ਸਚੇ ਨਾਉ ਮਿਠਾ ॥
੨੫. ਤੇਰੈ ਘਰਿ ਸਦਾ ਸਦਾ ਹੈ ਨਿਆਉ ॥
੨੬. ਲੱਖ ਖੁਸ਼ੀਆਂ ਪਾਤਿਸਾਹੀਆਂ ਜੇ ਸਤਿਗੁਰੁ ਨਦਰਿ ਕਰੇਇ ॥
੨੭. ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ ॥
੨੮. ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥
੨੯. ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥
੩੦. ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥
੩੧. ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ ॥

ਅਪ੍ਰੈਲ

੧. ਕਿਆ ਖਾਧੈ ਕਿਆ ਪੈਧੈ ਹੋਇ ॥
ਜਾ ਮਨਿ ਨਾਹੀ ਸਚਾ ਸੋਇ ॥
੨. ਸਤਿਗੁਰੁ ਸੇਵਿ ਨਿਸੰਗੁ ਭਰਮੁ ਚੁਕਾਈਐ ॥
੩. ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥
੪. ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥
੫. ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥
੬. ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ ॥
੭. ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ ॥
੮. ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥
੯. ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥
੧੦. ਸਬਦਿ ਰਤੇ ਮੀਠੇ ਰਸ ਈਖ ॥
੧੧. ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ
ਸੋ ਸੁਖੁ ਰਾਜਿ ਨ ਲਹੀਐ ॥
੧੨. ਭੋਲੇ ਭਾਇ ਮਿਲੇ ਰਘੁਰਾਇਆ ॥
੧੩. ਜੋ ਜਨ ਲੇਹਿ ਖਸਮ ਕਾ ਨਾਉ ॥
ਤਿਨ ਕੈ ਸਦ ਬਲਿਹਾਰੈ ਜਾਉ ॥
੧੪. ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥
੧੫. ਅਤਿ ਨਿਰਮਲੁ ਗੁਰ ਸਬਦ ਵੀਚਾਰ ॥

੧੬. ਜੋ ਨਾਮੁ ਸੁਨਾਵੈ ਸੋ ਮੇਰਾ ਮੀਤੁ ਸਖਾਈ ॥
੧੭. ਅਵਰਿ ਉਪਾਵ ਸਭਿ ਤਿਆਗਿਆ
ਦਾਰੂ ਨਾਮੁ ਲਇਆ ॥
੧੮. ਮਨ ਸਾਧੇ ਸਿਧਿ ਹੋਇ ॥
੧੯. ਜਪਿ ਜਪਿ ਨਾਮੁ ਮਨਿ ਭਇਆ ਅਨੰਦਾ ॥
੨੦. ਜਾਰੈ ਖਸਮੁ ਤ ਰਾਖੈ ਕਵਨਾ ॥
੨੧. ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥
੨੨. ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥
੨੩. ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰੁ ॥
੨੪. ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ ॥
੨੫. ਸਿੰਚਨਹਾਰੇ ਏਕੈ ਮਾਲੀ ॥
ਖਬਰਿ ਕਰਤੁ ਹੈ ਪਾਤ ਪਤ ਡਾਲੀ ॥
੨੬. ਬੰਦੇ ਬੰਦਗੀ ਇਕਤੀਆਰ ॥
੨੭. ਰਾਜ ਲੀਲਾ ਤੇਰੈ ਨਾਮਿ ਬਨਾਈ ॥
੨੮. ਹੁਕਮੁ ਬੂਝਿ ਰੰਗ ਰਸ ਮਾਣੇ ॥
੨੯. ਊਠਤ ਬੈਠਤ ਸੋਵਤ ਧਿਆਈਐ ॥
ਮਾਰਗਿ ਚਲਤ ਹਰੇ ਹਰਿ ਗਾਈਐ ॥
੩੦. ਪਰ ਕਾ ਬੁਰਾ ਨ ਰਾਖਹੁ ਚੀਤ ॥
ਤੁਮ ਕਉ ਦੁਖੁ ਨਹੀ ਭਾਈ ਮੀਤ ॥

ਮਈ

੧. ਪ੍ਰਭ ਕੀ ਪ੍ਰੀਤਿ ਸਭ ਮਿਟੀ ਹੈ ਚਿੰਤ ॥
੨. ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ ॥
੩. ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ ॥
੪. ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ ॥
੫. ਸੇ ਨਿਰਭਉ ਜਿਨ ਭਉ ਪਇਆ ॥
੬. ਸੋਇਨ ਲੰਕਾ ਸੋਇਨ ਮਾੜੀ ਸੰਪੈ ਕਿਸੈ ਨ ਕੇਰੀ ॥
੭. ਸੋ ਕਮਾਵੈ ਧੁਰਿ ਲਿਖਿਆ ਹੋਇ ॥
੮. ਸੋ ਜਾਗੈ ਜਾਗਾਵੈ ਸੋਈ ॥
੯. ਸੋ ਜਾਣੈ ਜਿਸੁ ਵੇਦਨ ਹੋਵੈ ॥
੧੦. ਸੋ ਜਪੁ ਤਪੁ ਸੇਵਾ ਚਾਕਰੀ ਜੋ ਖਸਮੈ ਭਾਵੈ ॥
੧੧. ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
੧੨. ਸੁਣਿਐ ਸਰਾ ਗੁਣਾ ਕੇ ਗਾਹੁ ॥
੧੩. ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ
ਹਿਰਦਾ ਸੁਧੁ ਨ ਹੋਈ ॥
੧੪. ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ ॥
੧੫. ਹਰਿ ਜੇਠਿ ਜੁੜੰਦਾ ਲੋੜੀਐ
ਜਿਸੁ ਅਗੈ ਸਭਿ ਨਿਵੰਨਿ ॥

੧੬. ਸੋ ਪੰਡਿਤੁ ਜੋ ਮਨੁ ਪਰਬੋਧੈ ॥
੧੭. ਸੋ ਪਤਿਵੰਤਾ ਜਿ ਆਪੁ ਪਛਾਨੀ ॥
੧੮. ਸੋ ਬੂਝੈ ਜਿਸ ਆਪ ਬੁਝਾਏ ॥
੧੯. ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥
੨੦. ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ ॥
੨੧. ਮੰਨੈ ਸੁਰਤਿ ਹੋਵੈ ਮਨਿ ਬੁਧਿ ॥
੨੨. ਸੰਸਾਰੁ ਬਿਖਿਆ ਕੂਪ ॥
੨੩. ਸੰਗਿ ਸਹਾਈ ਹਰਿ ਨਾਮੁ ਧਿਆਈ
ਬਿਰਥਾ ਕੋਇ ਨ ਜਾਏ ॥
੨੪. ਸੰਜੋਗੁ ਵਿਜੋਗੁ ਧੁਰਹੁ ਹੀ ਹੂਆ ॥
੨੫. ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ ॥
੨੬. ਤੇਰਾ ਕੀਆ ਮੀਠਾ ਲਾਗੈ ॥
੨੭. ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ
ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ ॥
੨੮. ਜੋ ਤਿਸੁ ਭਾਵੈ ਸੋ ਥੀਐ ਰੰਨ ਕਿ ਰੁੰਨੈ ਹੋਇ ॥
੨੯. ਸਰਬ ਜੀਆ ਸਿਰਿ ਲੇਖੁ ਧੁਰਾਹੂ
ਬਿਨੁ ਲੇਖੈ ਨਹੀ ਕੋਈ ਜੀਉ ॥
੩੦. ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤ ਸਹਾਈ ॥
੩੧. ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨੁ॥

ਜੂਨ

੧. ਗੁਰ ਸਾਖੀ ਕਾ ਉਜੀਆਰਾ ॥
ਤਾ ਮਿਟਿਆ ਸਗਲ ਅੰਧ੍ਯਾਰਾ ॥
੨. ਸਬਦਿ ਮਰਹੁ ਫਿਰਿ ਜੀਵਹੁ ਸਦ ਹੀ
ਤਾ ਫਿਰਿ ਮਰਣੁ ਨ ਹੋਈ ॥
੩. ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ ॥
੪. ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ ॥
੫. ਹਮਰੀ ਗਣਤ ਨ ਗਣੀਆ ਕਾਈ ਅਪਣਾ ਬਿਰਦੁ ਪਛਾਣਿ ॥
੬. ਭੂਖੇ ਖਾਵਤ ਲਾਜ ਨ ਆਵੈ ॥
ਤਿਉ ਹਰਿ ਜਨੁ ਹਰਿ ਗੁਣ ਗਾਵੈ ॥
੭. ਪ੍ਰਭ ਜੀਉ ਖਸਮਾਨਾ ਕਰਿ ਪਿਆਰੇ ॥
ਬੁਰੇ ਭਲੇ ਹਮ ਥਾਰੇ ॥
੮. ਆਸਾ ਮਨਸਾ ਬੰਧਨੀ ਭਾਈ ਕਲਮ ਧਰਮ ਬੰਧਕਾਰੀ ॥
੯. ਜੇ ਸਉ ਖੇਲ ਖੇਲਾਈਐ ਬਾਲਕੁ ਰਹਿ ਨ ਸਕੈ ਬਿਨੁ ਖੀਰੇ॥
੧੦. ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ॥
੧੧. ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥
ਸੁਤ ਦਾਰਾ ਪਹਿ ਆਨਿ ਲੁਟਾਵੈ॥
੧੨. ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥
੧੩. ਮਨ ਮੇਰੇ ਭੂਲੇ ਕਪਟੁ ਨ ਕੀਜੈ ॥
੧੪. ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥

੧੫. ਆਸਾੜੁ ਸੁਹੰਦਾ ਤਿਸੁ ਲਗੈ
ਜਿਸੁ ਮਨਿ ਹਰਿ ਚਰਣ ਨਿਵਾਸ ॥

੧੬. ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥

੧੭. ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ॥

੧੮. ਰਾਜੁ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ ॥

੧੯. ਮਾਨ ਮੋਹ ਮੇਰ ਤੇਰ ਬਿਬਰਜਿਤ ਏਹੁ ਮਾਰਗੁ ਖੰਡੇ ਧਾਰ ॥

੨੦. ਖਾਵਹਿ ਖਰਚਹਿ ਰਲਿ ਮਿਲਿ ਭਾਈ ॥

੨੧. ਜੌ ਰਾਜੁ ਦੇਹਿ ਤ ਕਵਨ ਬਡਾਈ ॥
ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ॥

੨੨. ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥

੨੩. ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥

੨੪. ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ ॥

੨੫. ਨਿਤ ਜਪੀਐ ਸਾਸਿ ਗਿਰਾਸਿ ਨਾਉ ਪਰਵਦਿਗਾਰ ਦਾ ॥

੨੬. ਸੋ ਜਪੁ ਸੋ ਤਪੁ ਜਿ ਸਤਿਗੁਰ ਭਾਵੈ ॥

੨੭. ਜਿਸੁ ਮਾਨੁਖ ਪਹਿ ਕਰਉ ਬੇਨਤੀ ਸੋ ਅਪਨੈ ਦੁਖਿ ਭਰਿਆ ॥

੨੮. ਦਿਨੁ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ ॥

੨੯. ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥

੩੦. ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ
ਹਰਿ ਸਿਮਰਤ ਅਨਦ ਅਨੰਤਾ ॥

ਜੁਲਾਈ

੧. ਆਤਮੁ ਚੀਨ੍ਹਿ ਭਏ ਨਿਰੰਕਾਰੀ ॥

੨. ਊਤਮ ਸੰਗਤਿ ਊਤਮੁ ਹੋਵੈ ॥
ਗੁਣ ਕਉ ਧਾਵੈ ਅਵਗਣ ਧੋਵੈ ॥

੩. ਦੁਖੁ ਦਾਰੂ ਸੁਖੁ ਰੋਗੁ ਭਇਆ

੪. ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥

੫. ਕੂੜੀ ਰਾਸਿ ਕੂੜਾ ਵਾਪਾਰੁ ॥

੬. ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥

੭. ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥

੮. ਕਿਛੁ ਲਾਹੇ ਉਪਰਿ ਘਾਲੀਐ ॥

੯. ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥

੧੦. ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥

੧੧. ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥

੧੨. ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥

੧੩. ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥

੧੪. ਵਿਸਰਿਆ ਜਿਨ੍ਹ ਨਾਮੁ ਤੇ ਭੁਇ ਭਾਰੁ ਥੀਏ ॥

੧੫. ਸੂਮਹਿ ਧਨ ਰਾਖਨ ਕਉ ਦੀਆ ਮੁਗਧੁ ਕਹੈ ਧਨੁ ਮੇਰਾ ॥

੧੬. ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥

੧੭. ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥
ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥

੧੮. ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥
੧੯. ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥
੨੦. ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥
੨੧. ਵਡਿਆਈ ਵਡਾ ਪਾਇਆ ॥
੨੨. ਗੁਰ ਕੇ ਭਾਣੇ ਵਿਚਿ ਅੰਮ੍ਰਿਤੁ ਹੈ ਸਹਜੇ ਪਾਵੈ ਕੋਇ ॥
੨੩. ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥
੨੪. ਭਿੰਨੀ ਰੈਨੜੀਐ ਚਾਮਕਨਿ ਤਾਰੇ ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥
੨੫. ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ
ਜਾਦੀ ਬਿਲਮੁ ਨ ਹੋਇ ॥
੨੬. ਵੰਞੁ ਮੇਰੇ ਆਲਸਾ ਹਰਿ ਪਾਸਿ ਬੇਨੰਤੀ ॥
੨੭. ਜਗਿ ਗਿਆਨੀ ਵਿਰਲਾ ਆਚਾਰੀ ॥
ਜਗਿ ਪੰਡਿਤੁ ਵਿਰਲਾ ਵੀਚਾਰੀ ॥
੨੮. ਜਗੁ ਦੁਖੀਆ ਸੁਖੀਆ ਜਨੁ ਕੋਇ ॥
੨੯. ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥
੩੦. ਨਾਨਕ ਬਿਖਮੁ ਸੁਹੇਲਾ ਤਰੀਐ
ਜਾ ਆਵੈ ਗੁਰ ਸਰਣਾਈ ॥
੩੧. ਸਿਆਨਪ ਕਾਹੂ ਕਾਮਿ ਨ ਆਤ ॥
ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ ॥

ਅਗਸਤ

੧. ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥
੨. ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥
੩. ਹਰਿ ਬਿਸਰਤ ਸੋ ਮੂਆ ॥
੪. ਕੀਤਾ ਪਸਾਉ ਏਕੋ ਕਵਾਉ ॥
੫. ਜੋ ਨਾਮੁ ਸੁਨਾਵੈ ਸੋ ਮੇਰਾ ਮੀਤੁ ਸਖਾਈ ॥
੬. ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥
੭. ਗੰਧਣ ਵੈਣ ਸੁਣਹਿ ਉਰਝਾਵਹਿ
ਨਾਮੁ ਲੈਤ ਅਲਕਾਇਆ ॥
੮. ਸਗੁਨ ਅਪਸਗੁਨ ਤਿਸ ਕਉ ਲਗਹਿ
ਜਿਸੁ ਚੀਤਿ ਨ ਆਵੈ ॥
੯. ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥
੧੦. ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ ॥
੧੧. ਗੁਰ ਕੈ ਸਬਦਿ ਬਨਾਵਹੁ ਇਹੁ ਮਨੁ ॥
੧੨. ਦਿਨ ਤੇ ਸਰਪਰ ਪਉਸੀ ਰਾਤਿ ॥
੧੩. ਊਚਾ ਚੜੈ ਸੁ ਪਵੈ ਪਇਆਲਾ ॥
੧੪. ਜੀਵਤ ਦੀਸੈ ਤਿਸੁ ਸਰਪਰ ਮਰਣਾ ॥
੧੫. ਅਰੜਾਵੈ ਬਿਲਲਾਵੈ ਨਿੰਦਕੁ ॥
੧੬. ਸੇ ਭਾਦੁਇ ਨਰਕਿ ਨ ਪਾਈਅਹਿ
ਗੁਰੁ ਰਖਣ ਵਾਲਾ ਹੇਤੁ ॥

੧੭. ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
੧੮. ਜੋ ਤੁਧੁ ਭਾਵੈ ਸਾਈ ਭਲੀ ਕਾਰ ॥
੧੯. ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥
੨੦. ਅੰਧੀ ਕੋਠੀ ਤੇਰਾ ਨਾਮੁ ਨਾਹੀ ॥
੨੧. ਲੇਖੈ ਤੇਰੈ ਸਾਸ ਗਿਰਾਸ ॥
੨੨. ਕਿਸ ਹੀ ਮਾਨੁ ਕਿਸੈ ਅਪਮਾਨੁ ॥
੨੩. ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥
੨੪. ਤੇਰਾ ਭਾਣਾ ਸਭੁ ਕਿਛੁ ਹੋਵੈ ॥
ਮਨਹਠਿ ਕੀਚੈ ਅੰਤਿ ਵਿਗੋਵੈ ॥
੨੫. ਜੇਹੀ ਤੂੰ ਮਤਿ ਦੇਹਿ ਤੇਹੀ ਕੋ ਪਾਵੈ ॥
੨੬. ਕਿਆ ਮੁਹੁ ਲੈ ਕੀਚੈ ਅਰਦਾਸਿ ॥
ਪਾਪੁ ਪੁੰਨੁ ਦੁਇ ਸਾਖੀ ਪਾਸਿ ॥
੨੭. ਡਡਾ ਡਰ ਉਪਜੇ ਡਰੁ ਜਾਈ ॥
੨੮. ਬਹਤੀ ਮਨਸਾ ਰਾਖਹੁ ਬਾਂਧਿ ॥
੨੯. ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ ॥
੩੦. ਬਹੁਤਾ ਕਰਮੁ ਲਿਖਿਆ ਨਾ ਜਾਇ ॥
੩੧. ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ ॥

ਸਤੰਬਰ

੧. ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ
ਕੰਮੁ ਕਰਾਵਣਿ ਆਇਆ ਰਾਮ॥
੨. ਜਿਨ੍ਹੀ ਪਛਾਤਾ ਖਸਮੁ ਸੇ ਦਰਗਾਹ ਮਲ ॥
੩. ਜੈ ਤਨਿ ਬਾਣੀ ਵਿਸਰਿ ਜਾਇ ॥
ਜਿਉ ਪਕਾ ਰੋਗੀ ਵਿਲਲਾਇ ॥
੪. ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥
੫. ਅਸਥਿਰ ਰਹਹੁ ਡੋਲਹੁ ਮਤ ਕਬਹੂ
ਗੁਰ ਕੈ ਬਚਨਿ ਆਧਾਰਿ ॥
੬. ਕਿਰਤ ਕੀ ਬਾਂਧੀ ਸਭ ਫਿਰੈ ਦੇਖਹੁ ਬੀਚਾਰੀ ॥
੭. ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥
੮. ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ ॥
੯. ਦਾਮਨੀ ਚਮਤਕਾਰ ਤਿਉ ਵਰਤਾਰਾ ਜਗ ਖੇ ॥
੧੦. ਮੇਰੀ ਮੇਰੀ ਕਰਤੇ ਜਨਮੁ ਗਇਓ ॥
੧੧. ਜਿਉ ਮੰਦਰ ਕਉ ਥਾਮੈ ਥੰਮਨੁ॥
ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥
੧੨. ਕਿਆ ਬਸੁ ਜਉ ਬਿਖੁ ਦੇ ਮਹਤਾਰੀ ॥
੧੩. ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥
੧੪. ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ ॥
੧੫. ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥

੧੬. ਆਪੇ ਜਾਣੈ ਆਪੇ ਦੇਹਿ ॥
੧੭. ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥
੧੮. ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥
੧੯. ਅਸੰਖ ਖਤੇ ਖਿਨ ਬਖਸਨਹਾਰਾ ॥
੨੦. ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ ॥
੨੧. ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ ॥
੨੨. ਵੈਰ ਵਿਰੋਧ ਮਿਟੇ ਤਿਹ ਮਨ ਤੇ ॥
ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ ॥
੨੩. ਜਉ ਜਾਨੈ ਮੈ ਕਥਨੀ ਕਰਤਾ ॥
ਬਿਆਪਾਰੀ ਬਸੁਧਾ ਜਿਉ ਫਿਰਤਾ ॥
੨੪. ਜਉ ਮਾਗਹਿ ਤਉ ਮਾਗਹਿ ਬੀਆ ॥
ਜਾ ਤੇ ਕੁਸਲ ਨ ਕਾਹੂ ਥੀਆ ॥
੨੫. ਗੁਰ ਕੈ ਸਬਦਿ ਕਮਲੁ ਪਰਗਾਸਾ ॥
੨੬. ਗੁਰ ਕੀ ਸੇਵਾ ਸਬਦੁ ਵੀਚਾਰੁ ॥
੨੭. ਚਿਤਿ ਨ ਆਇਓ ਪਾਰਬ੍ਰਹਮੁ
ਜਮਕੰਕਰ ਵਸਿ ਪਰਿਆ ॥
੨੮. ਕਲਿ ਕਲੇਸ ਗੁਰ ਸਬਦਿ ਨਿਵਾਰੇ ॥
੨੯. ਨਿਰਭਉ ਸੰਗਿ ਤੁਮਾਰੈ ਬਸਤੇ
ਇਹੁ ਡਰਨੁ ਕਹਾ ਤੇ ਆਇਆ ॥
੩੦. ਜੈਸੀ ਮਤਿ ਦੇਇ ਤੈਸਾ ਪਰਗਾਸ ॥

ਅਕਤੂਬਰ

੧. ਅਨਿਕ ਪੜਦੇ ਮਹਿ ਕਮਾਵੈ ਵਿਕਾਰ ॥
ਖਿਨ ਮਹਿ ਪ੍ਰਗਟ ਹੋਹਿ ਸੰਸਾਰ ॥
੨. ਮਨੁ ਮਾਰੇ ਧਾਤੁ ਮਰਿ ਜਾਇ ॥
੩. ਮਨੁ ਅਸਾਧੁ ਸਾਧੈ ਜਨੁ ਕੋਈ ॥
੪. ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ ॥
੫. ਸੰਤ ਸਭਾ ਕਉ ਸਦਾ ਜੈਕਾਰੁ ॥
੬. ਜਾ ਕੈ ਵਸਿ ਖਾਨ ਸੁਲਤਾਨ ॥
੭. ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥
੮. ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ ॥
੯. ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ ॥
੧੦. ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥
੧੧. ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥
੧੨. ਕਰਮੀ ਕਰਮੀ ਹੋਇ ਵੀਚਾਰ ॥
੧੩. ਸਿਫਤੀ ਗੰਢੁ ਪਵੈ ਦਰਬਾਰਿ ॥
੧੪. ਸਭ ਦੁਨੀਆ ਸੁਬਹਾਨੁ ਸਚਿ ਸਮਾਈਐ ॥
੧੫. ਕਤਿਕਿ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥
੧੬. ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਿ ਕਰਹੁ ਲਿਵ ਲਾਇ ॥

੧੭. ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥

੧੮. ਨਾ ਓਹਿ ਮਰਹਿ ਨ ਠਾਗੇ ਜਾਹਿ ॥
ਜਿਨ ਕੈ ਰਾਮੁ ਵਸੈ ਮਨ ਮਾਹਿ ॥

੧੯. ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥

੨੦. ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ
ਕੀਰਤਨੁ ਹਰਿ ਹਰਿ ਗਾਈ ॥

੨੧. ਆਤਮ ਚੀਨਿ ਪਰਮ ਰੰਗ ਮਾਨੀ ॥

੨੨. ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥

੨੩. ਹਰਿ ਸਿਮਰਤ ਤ੍ਰਾਸ ਸਭ ਨਾਸੈ ॥

੨੪. ਜੋ ਗੁਣ ਸੰਗ੍ਰਹੈ ਤਿਨ੍ ਬਲਿਹਾਰੈ ਜਾਉ ॥

੨੫. ਵੇਲਾ ਵਖਤ ਸਭਿ ਸੁਹਾਇਆ ॥

੨੬. ਸੋ ਰਿਦਾ ਸੁਹੇਲਾ ਜਿਤੁ ਰਿਦੈ ਤੂੰ ਵੁਠਾ
ਸਭਨਾ ਕੇ ਦਾਤਾਰਾ ਜੀਉ ॥

੨੭. ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ ॥

੨੮. ਕਾੜਾ ਅੰਦੇਸਾ ਕਿਉ ਕੀਜੈ ਜਾ ਨਾਹੀ ਅਧਰਮਿ ਮਾਰਦਾ ॥

੨੯. ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥

੩੦. ਪ੍ਰਭੁ ਹੋਇ ਕ੍ਰਿਪਾਲੁ ਕਮਲੁ ਪਰਗਾਸੇ
ਸਦਾ ਸਦਾ ਹਰਿ ਧਿਆਈਐ ॥

੩੧. ਆਵਨ ਜਾਨੁ ਇਕੁ ਖੇਲੁ ਬਨਾਇਆ ॥

ਨਵੰਬਰ

੧. ਤਾਪੁ ਗਇਆ ਬਚਨਿ ਗੁਰ ਪੂਰੇ ॥

੨. ਹੁਕਮੁ ਬੂਝੈ ਸੋਈ ਪਰਵਾਨੁ ॥

੩. ਜਾ ਕਾ ਹਰਿ ਸੁਆਮੀ ਪ੍ਰਭੁਬੇਲੀ ॥
ਪੀੜ ਗਈ ਫਿਰਿ ਨਹੀ ਦੁਹੇਲੀ ॥

੪. ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ ॥

੫. ਸਭੁ ਤਨੁ ਮਨੁ ਹਰਿਆ ਹੋਇਆ
ਮਨੁ ਖਿੜਿਆ ਹਰਿਆ ਬਾਗੁ ॥

੬. ਮਹਾ ਕਿਲਬਿਖ ਕੋਟਿ ਦੋਖ ਰੋਗਾ
ਪ੍ਰਭ ਦ੍ਰਿਸਟਿ ਤੁਹਾਰੀ ਹਾਤੇ ॥

੭. ਚਿੰਤਤ ਹੀ ਦੀਸੈ ਸਭੁ ਕੋਇ ॥
ਚੇਤਹਿ ਏਕੁ ਤਹੀ ਸੁਖੁ ਹੋਇ ॥

੮. ਜੋ ਤੁਧੁ ਭਾਵੈ ਸੋ ਭਲਾ ਪਿਆਰੇ ਤੇਰੀ ਅਮਰੁ ਰਜਾਇ ॥

੯. ਕਰਮ ਕਰੈ ਤ ਬੰਧਾ ਨਹ ਕਰੈ ਤ ਨਿੰਦਾ ॥

੧੦. ਉਲਾਹਨੋ ਮੈ ਕਾਹੂ ਨ ਦੀਓ ॥

੧੧. ਗੁਣ ਵਿਚਾਰੈ ਗਿਆਨੀ ਸੋਈ॥
ਗੁਣ ਮਹਿ ਗਿਆਨੁ ਪਰਾਪਤਿ ਹੋਈ ॥

੧੨. ਜੋ ਤੁਧੁ ਭਾਵੈ ਸੋ ਭਲਾ ਤੇਰੈ ਭਾਣੈ ਕਾਰਜ ਰਾਸਿ ॥

੧੩. ਗੁਰ ਕਾ ਸਬਦੁ ਮਨੇ ਸੋ ਸੂਰਾ ॥

੧੪. ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥

੧੫. ਸਾਗਰੁ ਦੇਖਉ ਡਰਿ ਮਰਉ ਭੈ ਤੇਰੈ ਡਰੁ ਨਾਹਿ ॥

੧੬. ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ ॥
੧੭. ਜਿਸ ਨੋ ਬਖਸੇ ਸਿਫਤਿ ਸਾਲਾਹ ॥
ਨਾਨਕ ਪਾਤਿਸਾਹੀ ਪਾਤਿਸਾਹੁ ॥
੧੮. ਜਿਨ ਗੁਰ ਪਰਸਾਦੀ ਮਨੁ ਜੀਤਿਆ
ਜਗੁ ਤਿਨਹਿ ਜਿਤਾਨਾ ॥
੧੯. ਇਕ ਜਾਗੰਦੇ ਨਾ ਲਹੰਨਿ
ਇਕਨਾ ਸੁਤਿਆ ਦੇਇ ਉਠਾਲਿ ॥
੨੦. ਜੀਵਨ ਤਲਬ ਨਿਵਾਰਿ ਸੁਆਮੀ ॥
੨੧. ਊਚਾ ਨਹੀ ਕਹਣਾ ਮਨ ਮਹਿ ਰਹਣਾ
ਆਪੇ ਜਾਣੈ ਆਪਿ ਕਰੇ ॥
੨੨. ਨਾ ਕੋ ਮੂੜੁ ਨਹੀ ਕੋ ਸਿਆਨਾ ॥
੨੩. ਜਿਤ ਕੋ ਲਾਇਆ ਤਿਤ ਹੀ ਲਗਾਨਾ ॥
੨੪. ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ ॥
੨੫. ਜਿਉ ਸਾਬੁਨਿ ਕਾਪਰ ਊਜਲ ਹੋਤ ॥
ਨਾਮ ਜਪਤ ਸਭੁ ਭ੍ਰਮੁ ਭਉ ਖੋਤ ॥
੨੬. ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥
੨੭. ਠਾਕਹੁ ਮਨੂਆ ਰਾਖਹੁ ਠਾਇ ॥
੨੮. ਦੂਖ ਭੂਖ ਸੰਸਾ ਮਿਟਿਆ ਗਾਵਤ ਪ੍ਰਭ ਨਾਮ ॥
੨੯. ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥
੩੦. ਟੂਟਿ ਪਰੀਤਿ ਗਈ ਬੁਰ ਬੋਲਿ ॥

ਦਸੰਬਰ

੧. ਭਾਣੈ ਉਝੜ ਭਾਣੈ ਰਾਹਾ ॥
੨. ਮਨ ਰੇ ਨਾਮ ਜਪਹੁ ਸੁਖੁ ਹੋਇ ॥
੩. ਫਕੜ ਜਾਤੀ ਫਕੜੁ ਨਾਉ ॥
ਸਭਨਾ ਜੀਆ ਇਕਾ ਛਾਉ ॥
੪. ਨਾ ਕੋ ਮੂਰਖੁ ਨਾ ਕੋ ਸਿਆਣਾ ॥
ਵਰਤੈ ਸਭ ਕਿਛੁ ਤੇਰਾ ਭਾਣਾ ॥
੫. ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
੬. ਤਿਸੁ ਘਰਿ ਸਹਜਾ ਸੋਈ ਸੁਹੇਲਾ ॥
੭. ਸੋ ਧਨਵੰਤਾ ਸੋ ਵਡ ਸਾਹਾ ਜੋ ਗੁਰ ਚਰਣੀ ਮਨੁ ਲਾਵਣਿਆ ॥
੮. ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
੯. ਜਾ ਕਾ ਹਰਿ ਸੁਆਮੀ ਪ੍ਰਭੁ ਬੇਲੀ ॥
ਪੀੜ ਗਈ ਫਿਰਿ ਨਹੀ ਦੁਹੇਲੀ ॥
੧੦. ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥
੧੧. ਕਾਹੇ ਜਨਮੁ ਗਵਾਵਹੁ ਵੈਰਿ ਵਾਦਿ ॥
੧੨. ਸਦਾ ਬਸੰਤੁ ਗੁਰ ਸਬਦੁ ਵੀਚਾਰੇ ॥
੧੩. ਮਨਿ ਜੀਤੈ ਜਗੁ ਜੀਤੁ ॥
੧੪. ਪੋਖੁ ਸੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥
੧੫. ਮਨਿ ਬਸੰਤੁ ਤਨੁ ਮਨੁ ਹਰਿਆ ਹੋਇ ॥

੧੬. ਨਾਮ ਬਿਨਾ ਕੈਸੇ ਗੁਨ ਚਾਰੁ ॥

੧੭. ਮੋਹਿ ਐਸੇ ਬਨਜ ਸਿਉ ਨਹੀਨ ਕਾਜੁ ॥
ਜਿਹ ਘਟੈ ਮੂਲੁ ਨਿਤ ਬਢੈ ਬਿਆਜੁ ॥

੧੮. ਗੁਰ ਗਿਆਨੁ ਪ੍ਰਚੰਡੁ ਬਲਾਇਆ
ਅਗਿਆਨੁ ਅੰਧੇਰਾ ਜਾਇ ॥

੧੯. ਗੁਰਮੁਖਾ ਕੇ ਮੁਖ ਉਜਲੇ ਗੁਰ ਸਬਦੀ ਬੀਚਾਰਿ ॥

੨੦. ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥

੨੧. ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥

੨੨. ਆਸਾ ਭੀਤਰਿ ਰਹੈ ਨਿਰਾਸਾ ॥

੨੩. ਛੋਡਿ ਸਗਲ ਸਿਆਣਪਾ ਸਾਚਿ ਸਬਦਿ ਲਿਵ ਲਾਇ ॥

੨੪. ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ ॥

੨੫. ਅਮੁਲੋ ਅਮੁਲੁ ਆਖਿਆ ਨ ਜਾਇ ॥

੨੬. ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ ॥

੨੭. ਕਹਹੁ ਗੁਸਾਈ ਮਿਲੀਐ ਕੇਹ ॥
ਜੋ ਬਿਬਰਜਤ ਤਿਸ ਸਿਉ ਨੇਹ ॥

੨੮. ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ ॥

੨੯. ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ ॥

੩੦. ਜਿਥੈ ਬੋਲਲਣਿ ਹਾਰੀਐ ਤਿਥੈ ਚੰਗੀ ਚੁਪ ॥

੩੧. ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ ॥

ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਬਾਰੇ

ਗੁਰਬਾਣੀ ਦਾ ਵੇਰਵਾ
(ਮਹਾਨਕੋਸ਼ ਅਨੁਸਾਰ) ਪੰਨਾ-੪੩੭

ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪਦ, ਸ਼ਬਦ, ਸਲੋਕ, ਛੰਤ, ਪੌੜੀ ਆਦਿ ਦੀ ਗਿਣਤੀ ਇਉਂ ਹੈ

ਰਚਣਹਾਰ	ਗਿਣਤੀ	ਰਾਗ ਵਰਤੇ
ਗੁਰੂ ਨਾਨਕ ਦੇਵ	੯੪੭	੧੯
ਗੁਰੂ ਅੰਗਦ ਦੇਵ	੬੩	–
ਗੁਰੂ ਅਮਰਦਾਸ	੮੬੯	੧੭
ਗੁਰੂ ਰਾਮਦਾਸ	੬੩੮	੩੦
ਗੁਰੂ ਅਰਜਨ ਦੇਵ	੨੩੧੨	੩੦
ਗੁਰੂ ਤੇਗ ਬਹਾਦੁਰ	੧੧੫	੧੫
ਗੁਰੂ ਗੋਬਿੰਦ ਸਿੰਘ	੧	–
ਭਗਤ ਕਬੀਰ	੫੩੪	੧੬
ਸ਼ੇਖ ਫਰੀਦ	੧੨੩	੨
ਭਟਾਂ ਦੇ ਸਵੈਯੇ	੧੨੩	–
ਭਗਤ ਨਾਮਦੇਵ	੬੨	੧੮
ਭਗਤ ਰਵਿਦਾਸ	੪੦	੧੬

ਲੜੀ	ਰਾਗ	ਅੰਕ	ਗਾਉਣ ਦਾ ਸਮਾਂ
੧੭	ਗੋਂਡ	੮੫੯	ਦੁਪਹਰ ਵੇਲੇ
੧੮	ਰਾਮਕਲੀ	੮੭੬	ਸੁਰਜ ਉਦੈ ਤੋਂ ਪਹਰ ਦਿਨ ਚੜੇ ਤਕ
੧੯	ਨਟ ਨਾਰਾਇਨ	੯੭੫	ਦਿਨ ਦਾ ਚੌਥਾ ਪਹਰ
੨੦	ਮਾਲੀਗਉੜਾ	੯੮੪	ਦਿਨ ਦਾ ਤੀਜਾ ਪਹਰ
੨੧	ਮਾਰੂ	੯੮੯	ਸੁਰਜ ਅਤੇ ਬਲਾਣੇ ਸਮੇਂ ਖਾਸ ਕਰਕੇ, ਦਿਨ ਦਾ ਦੂਜਾ ਪਹਰ ਸਾਧਾਰਨ ਰੀਤੀ ਅਨੁਸਾਰ
੨੨	ਤੁਖਾਰੀ	੧੧੦੭	ਰਾਤ ਘੜੀ ਦਿਨ ਚੜ੍ਹੇ
੨੩	ਕੇਦਾਰਾ	੧੧੧੮	ਰਾਤ ਦਾ ਦੂਜਾ ਪਹਰ
੨੪	ਭੈਰਉ	੧੧੨੫	ਪ੍ਰਾਤਹਕਾਲ ਸੁਰਜ ਉਦੈ ਤੋਂ ਪਹਿਲਾਂ
੨੫	ਬਸੰਤ	੧੧੬੮	ਬਸੰਤ ਰੁਤ ਅਤੇ ਰਾਤ ਦਾ ਸਮਾਂ
੨੬	ਸਾਰੰਗਾ	੧੧੯੭	ਦੁਪਹਿਰ ਵੇਲੇ
੨੭	ਮਲਾਰ	੧੨੫੪	ਵਰਖਾ ਰੁਤ ਅਤੇ ਰਾਤ ਵੇਲੇ
੨੮	ਕਾਨੜਾ	੧੨੯੪	ਰਾਤ ਦਾ ਦੂਜਾ ਪਹਰ
੨੯	ਕਲਿਆਨ	੧੩੧੯	ਰਾਤ ਦਾ ਪਹਿਲਾ ਪਹਰ
੩੦	ਪ੍ਰਭਾਤੀ	੧੩੨੭	ਅੰਮ੍ਰਿਤ ਵੇਲਾ
੩੧	ਜੈਜਾਵੰਤੀ	੧੩੫੨	ਪ੍ਰਾਤਹਕਾਲ ਸੁਰਜ ਉਦੈ ਤੋਂ ਪਹਿਲਾਂ

ਗੁਰਬੰਸਾਵਲੀ

ਗੁਰਜੋਤਿ	ਜਨਮ ਸਥਾਨ	ਜਨਮਦਾਤੇ	ਮਹਿਲ	ਸੰਤਾਨ
ਸ਼੍ਰੀ ਗੁਰੂ ਨਾਨਕ ਦੇਵ ਜੀ	ਨਨਕਾਣਾ ਸਾਹਿਬ (ਤਲਵੰਡੀ ਰਾਇਭੋਇ)	ਪਿਤਾ ਕਾਲੂ ਚੰਦ ਜੀ ਮਾਤਾ ਤ੍ਰਿਪਤਾ ਜੀ	ਮਾਤਾ ਸੁਲੱਖਣੀ ਜੀ	ਬਾਬਾ ਸ਼੍ਰੀ ਚੰਦ ਜੀ ਬਾਬਾ ਲਖਮੀ ਦਾਸ ਜੀ
ਸ਼੍ਰੀ ਗੁਰੂ ਅੰਗਦ ਦੇਵ ਜੀ	ਮਤੇ ਦੀ ਸਰਾਇ (ਮੁਕਤਸਰ)	ਪਿਤਾ ਫੇਰੂਮਲ ਜੀ ਮਾਤਾ ਦਯਾ ਕੌਰ	ਮਾਤਾ ਖੀਵੀ ਜੀ	ਦਾਸੂ ਜੀ, ਦਾਤੂ ਜੀ ਬੀਬੀ ਅਮਰੋ ਜੀ, ਬੀਬੀ ਅਨੋਖੀ ਜੀ
ਸ਼੍ਰੀ ਗੁਰੂ ਅਮਰਦਾਸ ਜੀ	ਬਾਸਰਕੇ (ਅੰਮ੍ਰਿਤਸਰ)	ਪਿਤਾ ਤੇਜਭਾਨ ਜੀ ਮਾਤਾ ਸੁਲੱਖਣੀ ਜੀ	ਮਾਤਾ ਮਨਸਾ ਦੇਵੀ ਜੀ	ਬੀਬੀ ਦਾਨੀ ਜੀ, ਬੀਬੀ ਭਾਨੀ ਜੀ, ਬਾਬਾ ਮੋਹਨ ਜੀ, ਬਾਬਾ ਮੋਹਰੀ ਜੀ
ਸ਼੍ਰੀ ਗੁਰੂ ਰਾਮਦਾਸ ਜੀ	ਚੂਨਾ ਮੰਡੀ ਲਹੌਰ	ਪਿਤਾ ਹਰਿਦਾਸ ਜੀ ਮਾਤਾ ਦਯਾ ਕੌਰ ਜੀ	ਮਾਤਾ ਭਾਨੀ ਜੀ	ਪ੍ਰਿਥੀ ਚੰਦ ਜੀ ਮਹਾਦੇਵ ਜੀ ਅਰਜਨ ਦੇਵ ਜੀ

ਗੁਰਜੋਤਿ	ਜਨਮ ਸਥਾਨ	ਜਨਮਦਾਤੇ	ਮਹਿਲ	ਸੰਤਾਨ
ਸ਼੍ਰੀ ਗੁਰੂ ਅਰਜਨ ਦੇਵ ਜੀ	ਗੋਇੰਦਵਾਲ (ਅੰਮ੍ਰਿਤਸਰ)	ਪਿਤਾ ਗੁਰੂ ਰਾਮਦਾਸ ਜੀ, ਮਾਤਾ ਭਾਨੀ ਜੀ	ਮਾਤਾ ਗੰਗਾ ਜੀ	ਹਰਿਗੋਬਿੰਦ ਜੀ
ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ	ਗੁਰੂ ਕੀ ਵਡਾਲੀ (ਅੰਮ੍ਰਿਤਸਰ)	ਪਿਤਾ ਗੁਰੂ ਅਰਜਨ ਦੇਵ ਜੀ ਮਾਤਾ ਗੰਗਾ ਜੀ	੧. ਮਾਤਾ ਦਮੋਦਰੀ ੨. ਮਾਤਾ ਨਾਨਕੀ ਜੀ ੩. ਮਾਤਾ ਮਹਾਦੇਵੀ ਜੀ	ਬਾਬਾ ਗੁਰਦਿੱਤਾ ਜੀ (੧) ਤੋਂ ਬੀਬੀ ਵੀਰੋ ਜੀ (੧) ਤੋਂ ਸੂਰਜਮਲ ਜੀ (੩) ਤੋਂ ਅਣੀਰਾਇ ਜੀ (੧) ਤੋਂ ਅਟਲਰਾਇ ਜੀ (੩) ਤੋਂ ਤੇਗ ਬਹਾਦਰ ਜੀ (੨) ਤੋਂ
ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ	ਕੀਰਤਪੁਰ	ਪਿਤਾ ਬਾਬਾ ਗੁਰਦਿੱਤਾ ਜੀ ਮਾਤਾ ਨਿਹਾਲ ਕੌਰ ਜੀ	(੧) ਮਾਤਾ ਕੋਟਕਲਿਆਣੀ ਜੀ (੨) ਮਾਤਾ ਕ੍ਰਿਸ਼ਨ ਕੌਰ ਜੀ	ਰਾਮ ਰਾਇ ਜੀ (੧) ਤੋਂ ਹਰਿਕ੍ਰਿਸ਼ਨ ਜੀ (੨) ਤੋਂ
ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ	ਕੀਰਤਪੁਰ	ਪਿਤਾ ਗੁਰੂ ਹਰਿਰਾਇ ਸਾਹਿਬ ਜੀ ਮਾਤਾ ਕ੍ਰਿਸ਼ਨ ਕੌਰ ਜੀ		

ਗੁਰਜੋਤਿ	ਜਨਮ ਸਥਾਨ	ਜਨਮਦਾਤੇ	ਮਹਿਲ	ਸੰਤਾਨ
ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ	ਅੰਮ੍ਰਿਤਸਰ	ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਮਾਤਾ ਨਾਨਕੀ ਜੀ	ਮਾਤਾ ਗੁਜਰੀ ਜੀ	ਗੋਬਿੰਦ ਸਿੰਘ ਜੀ
ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ	ਪਟਨਾ ਸਾਹਿਬ	ਪਿਤਾ ਗੁਰੂ ਤੇਗ ਬਹਾਦਰ ਜੀ ਮਾਤਾ ਗੁਜਰੀ ਜੀ	(੧) ਮਾਤਾ ਜੀਤੋ ਜੀ (੨) ਮਾਤਾ ਸੁੰਦਰੀ ਜੀ (੩) ਮਾਤਾ ਸਾਹਿਬ ਕੌਰ ਜੀ	ਬਾਬਾ ਅਜੀਤ ਸਿੰਘ(੨) ਬਾਬਾ ਜੁਝਾਰ ਸਿੰਘ(੧) ਬਾਬਾ ਜ਼ੋਰਾਵਰ ਸਿੰਘ (੧) ਬਾਬਾ ਫਤਹਿ ਸਿੰਘ (੧)

ਗੁਰੂ ਕ੍ਰਿਪਾ ਕਰਕੇ ਹਮੇਸ਼ਾ ਯਾਦ ਰਖੀਏ ਕਿ

੧ ਹੰਕਾਰ

ਦਇਆ ਤੇ ਖਿਮਾਂ ਨੂੰ ਖਾ ਜਾਂਦਾ ਹੈ।

੨ ਕਰੋਧ

ਦਇਆ ਤੇ ਅਕਲਮੰਦੀ ਨੂੰ ਖਾ ਜਾਂਦਾ ਹੈ।

੩ ਚਿੰਤਾ

ਉਮਰ ਤੇ ਸਰੀਰ ਨੂੰ ਖਾ ਜਾਂਦੀ ਹੈ।

੪ ਲਾਲਚ

ਇਮਾਨਦਾਰੀ ਨੂੰ ਖਾ ਜਾਂਦਾ ਹੈ।

੫ ਰਿਸ਼ਵਤ

ਇਨਸਾਫ ਨੂੰ ਖਾ ਜਾਂਦੀ ਹੈ।

੬ ਬੇਇਨਸਾਫੀ

ਰਾਜ ਨੂੰ ਖਾ ਜਾਂਦੀ ਹੈ।

ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਅਤੇ ਪਵਿੱਤਰਤਾ ਰੱਖਣ ਬਾਰੇ

ਬਾਬਾ ਨੰਦ ਸਿੰਘ ਜੀ ਦੇ ਉਪਦੇਸ਼

੧ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਲਈ ਸਿਰ ਢਕ ਕੇ ਅਤੇ ਹੱਥ ਪੈਰ ਧੋਹ ਕੇ ਜਾਵੋ।

੨ ਦਰਵਾਜ਼ਾ ਖੋਲ੍ਹਣ ਤੋਂ ਪਹਿਲਾਂ 'ਸਤਿਨਾਮ' ਜਾਂ 'ਧੰਨ ਗੁਰੂ ਨਾਨਕ' ਦਾ ਅਵਾਜ਼ਾ ਦੇ ਕੇ ਅੰਦਰ ਜਾਓ।

੩ ਜਦੋਂ ਵੀ ਮੱਥਾ ਟੇਕਣਾ ਹੈ, ਪਹਿਲਾਂ ਮਾਇਆ ਨਹੀਂ ਚੜ੍ਹਾਉਣੀ। ਪਹਿਲਾਂ ਨਮਸਕਾਰ ਕਰੋ, ਫੇਰ ਮਾਇਆ ਚੜ੍ਹਾਵੋ।

੪ ਗੁਰੂ ਸਾਹਿਬ ਨੂੰ ਮੱਥਾ ਟੇਕਣ ਲਗਿਆਂ ਓਥੇ ਖੜ੍ਹੇ ਹੋ ਕੇ ਜੇਬ ਵਿਚੋਂ ਮਾਇਆ ਕੱਢਣੀ ਨਿਰਾਦਰੀ ਵਾਂਗ ਹੈ। ਹਉਮੈ ਦੀ ਨਿਸ਼ਾਨੀ ਹੈ। ਜੇ ਭੇਟਾ ਚੜ੍ਹਾਉਣੀ ਹੋਵੇ ਪਹਿਲਾਂ ਬਟੁਏ 'ਚੋਂ ਕੱਢ ਕੇ ਹੱਥ ਵਿੱਚ ਰੱਖੋ, ਜਦੋਂ ਮੱਥਾ ਟੇਕੋ ਇਹ ਭਾਵਨਾ ਬਣਾਓ ਕਿ ਸਤਿਗੁਰੂ ਦਾਤਾ ਹੈ, ਅਸੀਂ ਮੰਗਤੇ ਹਾਂ। ਪਹਿਲਾਂ ਅਦਬ ਸਹਿਤ ਮੱਥਾ ਟੇਕੋ, ਫੇਰ ਬੜੇ ਪਿਆਰ ਨਾਲ ਮਾਇਆ ਸੇਵਾ ਸਮਝ ਕੇ ਪੇਸ਼ ਕਰੋ।

੫ ਗੁਰੂ ਸਾਹਿਬ ਨੂੰ ਦਸ ਗੁਰਾਂ ਦੀ ਪ੍ਰਤੱਖ ਦੇਹ ਸਮਝ ਕੇ

ਹਜ਼ੂਰ ਦੇ ਪੇਸ਼ ਹੋਵੋ ਅਤੇ ਮੱਥਾ ਇਸ ਤਰ੍ਹਾਂ ਟੇਕੋ ਕਿ ਗੁਰੂ ਨਾਨਕ ਦੇ ਚਰਣ ਛੂਹ ਰਹੇ ਹੋ। ਭਾਵਨਾ : ਗੁਰੂ ਸਾਹਿਬ ਕਿਤਾਬ ਨਹੀਂ, ਪ੍ਰਤੱਖ ਹਾਜ਼ਰ ਨਾਜ਼ਰ ਹਨ।

੬ ਅਸੀਂ ਗੁਰੂ ਸਾਹਿਬ ਲਈ 'ਬੀੜ' ਲਫ਼ਜ਼ ਵਰਤਦੇ ਹਾਂ, ਇਹ ਨਹੀਂ ਕਹਿਣਾ ਚਾਹੀਦਾ। 'ਗੁਰੂ ਸਾਹਿਬ ਦਾ ਸਰੂਪ' ਕਹਿਣਾ ਚਾਹੀਦਾ ਹੈ।

੭ ਆਮ ਲਫ਼ਜ਼ ਪੰਨਾ ਜਾਂ ਵਰਕਾ ਕਹਿੰਦੇ ਹਾਂ, 'ਅੰਙ' ਲਫ਼ਜ਼ ਵਰਤਨਾ ਚਾਹੀਦਾ ਹੈ।

੮ ਨਵਾਂ ਰੁਮਾਲਾ ਚੜ੍ਹਾਓ ਤਾਂ ਧੋ ਕੇ ਚੜ੍ਹਾਵੋ। ਜਦੋਂ ਰੁਮਾਲਾ ਸਾਹਿਬ ਧੋਵੋ ਤਾਂ ਆਖੋ ਗੁਰੂ ਨਾਨਕ ਦਾ ਚੋਲਾ ਧੋ ਰਿਹਾ ਹਾਂ।

ਜੋ ਨਹੀਂ ਕਰਨਾ ਚਾਹੀਦਾ

੧ ਜੁਰਾਬਾਂ ਪਾ ਕੇ ਗੁਰੂ ਸਾਹਿਬ ਦੇ ਕਮਰੇ ਵਿੱਚ ਕਦੀ ਨਾ ਜਾਵੋ। ਇਹ ਭਾਰੀ ਬੇ-ਅਦਬੀ ਹੈ। ਸਫ਼ਾਈ, ਸਚਾਈ ਤੇ ਖੁਦਾਈ ਦਾ ਮੇਲ ਹੁੰਦਾ ਹੈ।

੨ ਪਿੱਠ ਪਿੱਛੇ ਹੱਥ ਰੱਖ ਕੇ ਕਦੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਖੜੇ ਨਹੀਂ ਹੋਣਾ ਚਾਹੀਦਾ। ਪਿੱਠ ਪਿੱਛੇ ਬਾਹਵਾਂ ਕਰਕੇ ਖਲੋਣਾ ਹਉਮੈ ਦੀ ਨਿਸ਼ਾਨੀ ਹੈ।

੩ ਬੈਠ ਕੇ ਚੌਰ ਸਾਹਿਬ ਕਦੀ ਨਹੀਂ ਕਰਨਾ। ਭਾਵਨਾ: ਮਾਲਕ ਬੈਠਾ ਹੈ, ਬੈਠ ਕੇ ਚੌਰ ਕਰਨ ਨਾਲ ਮਾਲਕ ਦੀ ਦਸਤਾਰ ਤੇ ਚੌਰ ਦੀਆਂ ਤਾਰਾਂ ਲਗਣਗੀਆਂ। ਖੜੇ ਹੋ ਕੇ ਪ੍ਰੇਮ ਨਾਲ ਚੌਰ ਕਰੋ। ਨਾਲ ਨਾਲ ਜਪੁਜੀ ਸਾਹਿਬ ਜਾਂ ਮੂਲ ਮੰਤਰ ਦਾ ਜਾਪ ਕਰੋ। ਜੇ ਕੋਈ ਅੱਧਾ ਘੰਟਾ ਇਵੇਂ ਕਰਦਾ ਹੈ ਤਾਂ ਗੁਰੂ ਨੂੰ ਵੱਡੇ ਤੋਂ ਵੱਡਾ ਬੰਧਨ ਕਟਣਾ ਪੈਂਦਾ ਹੈ।

ਗੁਰੂ ਸਾਹਿਬ ਦੇ ਸੇਵਾਦਾਰਾਂ ਲਈ ਬੇਨਤੀ

੧ ਪ੍ਰਕਾਸ਼ ਕਰਨ ਲੱਗੇ ਬੇਨਤੀ: ਸਾਨੂੰ ਗਰੀਬਾਂ ਨੂੰ, ਆਪਣੇ ਦਰ ਦੇ ਭਿਖਾਰੀਆਂ ਨੂੰ ਦਰਸ਼ਨ ਦਿਓ। ਇਹ ਬੇਨਤੀ ਕਰਨ ਤੋਂ ਬਾਅਦ ਪ੍ਰਕਾਸ਼ ਕਰਨਾ ਹੈ। ਨਾਲ ਨਾਲ ਮੂਲ ਮੰਤਰ ਦਾ (ੴ ਤੋਂ ਨਾਨਕ ਹੋਸੀ ਭੀ ਸਚੁ) ਤਕ ਪਾਠ ਕਰਨਾ ਹੈ।

੨ ਰੁਮਾਲੇ ਚੜ੍ਹਾਵੋ ਤੇ ਫੇਰ ਸਾਹਮਣੇ ਆ ਕੇ ਕਹੋ "ਧੰਨ ਗੁਰੂ ਨਾਨਕ ਤੂੰ ਹੀ ਨਿਰੰਕਾਰ" ਫਿਰ ਦਸ ਪਾਤਸ਼ਾਹੀਆਂ ਦੇ ਨਾਮ ਲੈ ਕੇ ਫਿਰ ਕਹੋ ਤੁਸੀਂ ਧੰਨ ਹੋ ਜੋ ਦਰਸ਼ਨ ਦਿੱਤੇ।

੩ ਕਦੇ ਇਕੱਲੀ ਪਲਕ ਨਹੀਂ ਚੜ੍ਹਾਉਣੀ ਚਾਹੀਦੀ। ਪਹਿਲਾਂ ਚਿੱਟੀ ਪਲਕ ਦੇਵੋ ਫਿਰ ਰੁਮਾਲੇ ਨਾਲ ਦੀ।

੪ ਰੁਮਾਲੇ ਮੌਸਮ ਅਨੁਸਾਰ ਚੜ੍ਹਾਉਣੇ ਚਾਹੀਦੇ ਹਨ।

੫ ਗੁਰੂ ਗ੍ਰੰਥ ਸਾਹਿਬ ਦੀ ਜਿਲਦ ਮੋੜਨੀ ਵੱਡੀ ਬੇਅਦਬੀ ਹੈ। ਫਲੈਪਰ ਨੂੰ ਸਜੇ ਪਾਸੇ ਲਟਕਾ ਦੇਣਾ ਚਾਹੀਦਾ ਹੈ।

੬ ਪਾਠ ਕਰਨ ਲੱਗਿਆਂ ਮੂੰਹ ਤੇ ਕਪੜਾ ਰੱਖਣਾ

ਚਾਹੀਦਾ ਹੈ।

੭ ਗੁਰੂ ਸਾਹਿਬ ਦੇ ਸਰੂਪ ਵਿੱਚ ਕੋਈ ਕਾਰਡ ਆਦਿ ਨਿਸ਼ਾਨੀ ਵਜੋਂ ਨਹੀਂ ਰੱਖਣਾ।

੮ ਦੇਗ ਬਨਾਉਣ ਲੱਗਿਆਂ ਮੂੰਹ ਤੇ ਕੱਪੜਾ ਰੱਖਣਾ ਚਾਹੀਦਾ ਹੈ ਅਤੇ ਜਪੁਜੀ ਸਾਹਿਬ ਦਾ ਪਾਠ ਕਰਨਾ ਚਾਹੀਦਾ ਹੈ।

੯ ਪਾਠ ਕਰਦਿਆਂ ਸਰੀਰ ਦੇ ਕਿਸੇ ਅੰਗ ਤੇ ਖਾਰਸ਼ ਹੋਵੇ ਤਾਂ ਗਲ ਵਿਚ ਪਾਇ ਹਜ਼ੂਰੀਏ ਨਾਲ ਕਰਨੀ ਚਾਹੀਦੀ ਹੈ।

੧੦ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਜਾਵੋ ਤਾਂ ਗਲ ਵਿੱਚ ਪੱਲਾ ਪਾ ਕੇ ਜਾਵੋ। ਭਾਵਨਾ: ਮੈਂ ਸਾਹਿਬ ਦਾ ਨਿਮਾਣਾ ਸਿੱਖ ਹਾਂ।

੧੧ ਪਾਠੀ ਸਿੰਘ ਦੇ ਪਾਠ ਕਰਨ ਦੇ ਬਸਤਰ ਵੱਖਰੇ ਹੋਣੇ ਚਾਹੀਦੇ ਹਨ ਜੋ ਪਾਠ ਕਰਨ ਵੇਲੇ ਹੀ ਪਹਿਨਣੇ ਚਾਹੀਦੇ ਹਨ।

੧੨ ਪਾਠ ਕਰਨ ਲੱਗਿਆਂ ਜੇ ਹੱਥ ਜ਼ਮੀਨ ਤੇ ਰੱਖਣਾ ਪਵੇ ਤਾਂ ਹੇਠਾਂ ਹਜ਼ੂਰੀਆ ਰਖੱਣਾ ਚਾਹੀਦਾ ਹੈ।

੧੩ ਅਖੰਡਪਾਠੀ ਹਮੇਸ਼ਾਂ ਕੇਸ਼ਾਂ ਸਮੇਤ ਇਸ਼ਨਾਨ ਕਰਕੇ ਹੀ ਅੰਦਰ ਜਾਵੇ। ਇਸੇ ਤਰਾਂ ਸਰੋਤੇ ਭੀ।

੧੪ ਗਰਮੀਆਂ ਵਿੱਚ ਟੇਬਲ ਫੈਨ ਦੀ ਹਵਾ ਪਾਠੀ ਸਿੰਘ ਦੇ ਪਿੱਛੋਂ ਨਹੀਂ ਆਉਣੀ ਚਾਹੀਦੀ। ਸਾਹਮਣੇ ਗੁਰੂ ਸਾਹਿਬ ਵਾਲੇ ਪਾਸਿਓਂ ਪਾਠੀ ਸਿੰਘ ਕੋਲ ਜਾਵੇ।

੧੫ ਜਿਹੜਾ ਗੁਰੂ ਪਰਮੇਸ਼ਰ ਦਾ ਭੈ ਰੱਖਦਾ ਹੈ ਓਹ ਨਿਰਭਉ ਪਰਮੇਸ਼ਰ ਵਿੱਚ ਵਸ ਜਾਂਦਾ ਹੈ।

੧੬ ਧੂਪ ਅਗਰਬੱਤੀ ਕਮਰੇ ਦੇ ਬਾਹਰ ਜਲਾਓ, ਕੇਵਲ ਸੁਗੰਧ ਭਰਪੂਰ ਹਵਾ ਅੰਦਰ ਜਾਵੇ।

੧੭ ਭੋਗ ਲੱਗੇ ਬਿਨਾ ਪ੍ਰਸਾਦਿ ਨਹੀਂ ਵਰਤਾਉਣਾ। ਯਾਨੀ ਭੋਗ ਦੀ ਅਰਦਾਸ ਮਗਰੋਂ ਵਰਤਾਉਣਾ।

6 ਗੁਰੂ ਸਾਹਿਬਾਨ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹੈ



ਸ੍ਰੀ ਗੁਰੂ ਨਾਨਕ ਦੇਵ ਜੀ

ਸ੍ਰੀ ਗੁਰੂ ਅੰਗਦ ਦੇਵ ਜੀ



ਸ੍ਰੀ ਗੁਰੂ ਅਮਰਦਾਸ ਜੀ

ਸ੍ਰੀ ਗੁਰੂ ਰਾਮਦਾਸ ਜੀ

ਸ੍ਰੀ ਗੁਰੂ ਅਰਜਨ ਦੇਵ ਜੀ

ਸ੍ਰੀ ਗੁਰੂ ਤੇਗ ਬਹਾਦਰ ਜੀ

ਸ੍ਰੀ ਗੁਰੂ ਹਰਗੋਬਿੰਦ ਜੀ



ਸ੍ਰੀ ਗੁਰੂ ਹਰਿ ਰਾਇ ਜੀ



ਸ੍ਰੀ ਗੁਰੂ ਹਰਕ੍ਰਿਸ਼ਨ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ

15 ਭਗਤ ਜਿਨ੍ਹਾਂ ਦੀ ਬਾਣੀ
ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।



ਭਗਤ ਨਾਮਦੇਵ ਜੀ

ਭਗਤ ਤਿਰਲੋਚਨ ਜੀ

ਭਗਤ ਜੈਦੇਵ ਜੀ

ਭਗਤ ਰਾਮਾਨੰਦ ਜੀ

ਭਗਤ ਸੂਰਦਾਸ ਜੀ

ਵਾਹਿਗੁਰੂ ਨਾਮ ਜਹਾਜ ਹੈ,
ਚੜ੍ਹੇ ਸੋ ਉਤਰੇ ਪਾਰ॥
ਜੋ ਸ਼ਰਧਾ ਕਰ ਸੇਂਵਦੇ,
ਗੁਰ ਪਾਰ ਉਤਾਰਨਹਾਰ॥

ਨੋਟ- ਗੁਰਸਿੱਖ ਪੰਜ ਬਾਣੀਆਂ ਜੋ ਅੰਮ੍ਰਿਤ ਪਾਨ ਕਰਨ ਵੇਲੇ ਦੱਸੀਆਂ ਜਾਂਦੀਆਂ ਹਨ, ਦਾ ਨਿਤਨੇਮ ਜਰੂਰ ਕਰਨ, ਉਪਰੰਤ ਵਾਹਿਗੁਰੂ ਸਿਮਰਨ, ਮੂਲ ਮੰਤਰ ਸਿਮਰਨ, ਸੁਖਮਨੀ ਸਾਹਿਬ ਪਾਠ ਅਤੇ ਆਨੰਦ ਸਾਗਰ ਪਾਠ ਤੇ ਹੋਰ ਵਧੀਕ ਤੋਂ ਵਧੀਕ ਗੁਰਬਾਣੀ ਪੜ੍ਹੇ ਤੇ ਵਿਚਾਰੇ ਤਾਂ ਜੋ ਜੀਵਨ ਸਫਲ ਹੋਵੇ। ਨਿੱਤਨੇਮ ਪੱਕਾ ਕਰੇ। ਮਹਾਂਪੁਰਖ ਬਾਬਾ ਨੰਦ ਸਿੰਘ ਜੀ ਵਲੋਂ ਸੰਗਤਾਂ ਨੂੰ ਹਮੇਸ਼ਾ ਇਹੋ ਤਾਕੀਦ ਕੀਤੀ ਜਾਂਦੀ ਸੀ।

ਪਾਠ ਕਰਨ ਦੀ ਵਿਧੀ

੧. ੧ਓ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ ਅਕਾਲਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

੨. ਸਤਿਨਾਮੁ ਸ੍ਰੀ ਵਾਹਿਗੁਰੂ॥

੩. ਗੁਰੂ ਨਾਨਕ ਦਾਤਾ ਬਖਸ਼ ਲੈ॥
ਬਾਬਾ ਨਾਨਕ ਬਖਸ਼ ਲੈ॥

੪. ਸ਼ਬਦ.....

ਨੋਟ- ਇਸ ਤਰ੍ਹਾਂ ਪਾਠ ਕਰਨ ਨਾਲ ਸ਼ਬਦ ਦੀ ਬਖਸ਼ਿਸ਼ ਦਾ ਫਲ ਪ੍ਰਾਪਤ ਹੁੰਦਾ ਹੈ। ਮਹਾਂਪੁਰਖ ਚਾਲੀ ਦਿਨਾਂ ਵਿੱਚ ਸਵਾ ਲੱਖ ਪਾਠ ਕਰਕੇ ਉਸ ਸ਼ਬਦ ਦਾ ਪੂਰਨ ਫਲ ਪ੍ਰਾਪਤ ਕਰ ਸਕਦੇ ਹਨ। ਗੁਰੂ ਘਰ ਦੀਆਂ ਬਰਕਤਾਂ ਪ੍ਰਾਪਤ ਕਰਕੇ ਦੂਜਿਆਂ ਦਾ ਭਲਾ ਕਰਦੇ ਹਨ।

"ਗੁਰੂ ਨਾਨਕ ਦਾਤਾ ਬਖਸ਼ ਲੈ, ਬਾਬਾ ਨਾਨਕ ਬਖਸ਼ ਲੈ"। ਸਤਿਗੁਰੂ ਅੱਗੇ ਛੋਟੀ ਤੋਂ ਛੋਟੀ ਅਰਦਾਸ ਹੈ। ਬਾਬਾ ਨੰਦ ਸਿੰਘ ਜੀ ਮਹਾਰਾਜ ਨੇ ਬਾਬਾ ਨਰਿੰਦਰ ਸਿੰਘ ਜੀ ਨੂੰ ਏਸ ਦਾ ਸੰਗਤਾਂ ਤੋਂ ਸਿਮਰਨ ਕਰਵਾਉਣ ਦੀ ਖਾਸ ਤਾਕੀਦ ਕੀਤੀ ਤਾਂ ਕਿ ਗੁਰਸਿੱਖ, ਨਾਨਕ ਨਾਮ ਲੇਵਾ ਤੇ ਆਉਣ ਵਾਲੇ ਭੈੜੇ ਸਮੇਂ ਦਾ ਅਸਰ ਨਾ ਹੋਵੇ। ਬਾਬਾ ਜੀ ਇਸ ਨੂੰ ਮਹਾਂਮੰਤ੍ਰ ਦੀ ਉਪਾਧੀ ਦਿੰਦੇ ਹਨ। ਕਿਉਂਕੀ 'ਕਲਿ ਤਾਰਨ ਗੁਰੂ ਨਾਨਕ ਆਇਆ'। ਦਸੋਂ ਪਾਤਿਸ਼ਾਹੀਆਂ ਅਤੇ ਗੁਰੂ ਗ੍ਰੰਥ ਸਾਹਿਬ ਸਤਿਗੁਰੂ ਜੀ ਗੁਰੂ ਨਾਨਕ ਨਿਰੰਕਾਰ ਦੇ ਹੀ ਜੋਤੀ ਸਰੂਪ ਹਨ।

ਬਾਬਾ ਦੀਪ ਸਿੰਘ ਜੀ

ਸਰਹਿੰਦ ਫ਼ਤਹਿ ਦਿਵਸ
੧੪ ਮਈ ੨੦੧੨